(i) Printed Pages : 3 Roll No. ................................

(ii) Questions : 8 **Sub. Code : 1 7 3 0 9**

**Exam. Code : 0 0 0 4**

**B.A./B.Sc. (General) 4th Semester**

**(2055)**

**PUNJABI**

**Paper : (Elective)**

**Time Allowed : Three Hours] [Maximum Marks : 90**

**ਨੋਟ :–** ਭਾਗਾਂ ਵਾਲੇ ਪ੍ਰਸ਼ਨ **ਇੱਕ** ਥਾਂ ਇਕੱਠੇ ਹੱਲ ਕੀਤੇ ਜਾਣ।

1. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

(ੳ) ਮੈਂ ਭੀ ਝੋਕ ਰਾਂਝਣ ਦੀ ਜਾਣਾ, ਨਾਲਿ ਮੇਰੇ ਕੋਈ ਚੱਲੇ (ਰਹਾਓ)।
ਪੈਰੀਆਂ ਪਉਂਦੀ ਮਿੰਨਤਾਂ ਕਰਦੀ, ਜਾਣਾ ਤਾਂ ਪਇਆ ਇੱਕਲੇ।
ਨੈਂ ਭੀ ਡੂੰਘੀ ਤੁਲ੍ਹਾ ਪੁਰਾਣਾ, ਸ਼ੀਹਾਂ ਤਾਂ ਪੱਤਣ ਮੱਲੇ।
ਜੇ ਕੋਈ ਖ਼ਬਰ ਮਿੱਤਰਾਂ ਦੀ ਲਿਆਵੇ, ਮੈਂ ਹਥਿ ਦੇ ਦੇਨੀਆਂ ਛੱਲੇ।
ਰਾਂਝਾ ਯਾਰ ਤਬੀਬ ਸੁਣੀਂਦਾ, ਮੈਂ ਤਨ ਦਰਦ ਅੱਵਲੇ।
ਕਹੈ ਹੁਸੈਨ ਫ਼ਕੀਰ ਨਿਮਾਣਾ, ਸਾਂਈ ਸੁਨੇਹੜੇ ਘੱਲੇ।

(ਅ) ਦਸ ਮਹੀਆਂ ਦਾ ਘਿਉ ਦਿੱਤਾ ਬੱਕੀ ਦੇ ਢਿੱਡ ਪਾ।
ਬੱਕੀ ਤੋਂ ਡਰਨ ਫਰੇਸ਼ਤੇ, ਮੈਥੋਂ ਡਰੇ ਖੁਦਾ।
ਚੁੱਭੇ ਵਿਚ ਪਤਾਲ, ਉਡ ਕੇ ਚੜੇ ਅਕਾਸ਼।
ਚੜ੍ਹਨਾ ਆਪਣੇ ਸ਼ੌਕ ਨੂੰ, ਬੱਕੀ ਨੂੰ ਲਾਜ ਨਾ ਲਾ।

2. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇੱਕ** ਦੀ ਵਿਹਾਰਕ ਸਮੀਖਿਆ ਕਰੋ : 10

(ੳ) ਬੇੜਾ ਬੰਧਿ ਨਾ ਸਕਿਓ ਬੰਧਨ ਦੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥
ਹਥਿ ਨਾ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥(ਰਹਾਉ)
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥
ਦੁਧਾ ਥਣੀ ਨਾ ਆਵਈ ਫਿਰਿ ਹੋਇ ਨਾ ਮੇਲਾ ॥
ਕਹੈ ਫਰੀਦ ਸਹੇਲੀਹੋ ਫਿਰਿ ਹੋਇ ਨਾ ਮੇਲਾ ॥

(ਅ) ਉੱਠ ਗਏ ਗਵਾਂਢੋ ਯਾਰ, ਰੱਬਾ ਹੁਣ ਕੀ ਕਹੀਏ ?
ਉੱਠ ਗਏ ਹੁਣ ਬਹਿੰਦੇ ਨਾਹੀ, ਹੋਇਆ ਸਾਥ ਤਿਆਰ,
ਰੱਬਾ ਹੁਣ ਕੀ ਕਹੀਏ ?
ਡਾਂਢ ਕਲੇਜੇ ਬਲ ਬਲ ਉੱਠਦੀ, ਭੜਕੇ ਬਿਰਹੋਂ ਨਾਰ,
ਰੱਬਾ ਹੁਣ ਕੀ ਕਰੀਏ ?
ਬੁੱਲ੍ਹਾ ਸ਼ਹੁ ਪਿਆਰੇ ਬਾਝੋਂ, ਰਹੇ ਉਰਾਰ ਨਾ ਪਾਰ,
ਰੱਬਾ ਹੁਣ ਕੀ ਕਰੀਏ ?

3. 'ਆਲ੍ਹਣੇ ਦੇ ਬੋਟ' ਕਹਾਣੀ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

**ਜਾਂ**

'ਇੱਕੀਵੀ ਸਦੀ' ਕਹਾਣੀ ਦੇ ਪਾਤਰਾਂ ਬਾਰੇ ਜਾਣਕਾਰੀ ਦਿਉ। 10

4. 'ਸ਼ੇਰਨੀਆਂ' ਜਾਂ 'ਬਰਫ਼ ਦਾ ਦਾਨਵ' ਕਹਾਣੀ ਦੀ ਸਾਹਿਤਕ ਪਰਖ ਕਰੋ। 10

5. ਹੇਠ ਲਿਖਿਆਂ ਵਿੱਚੋਂ ਕੋਈ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(i) 'ਫਰੀਦਾ ਜੇ ਤੂ ਅਕਲਿ ਲਤੀਫੁ' ਸਲੋਕ ਦਾ ਕੇਂਦਰੀ ਭਾਵ ਲਿਖੋ।

(ii) 'ਮੈਂ ਤੇਰੀ ਹੋ ਮੁਕੀ ਆਂ' ਕਾਫ਼ੀ ਵਿਚ ਸ਼ਾਹ ਹੁਸੈਨ ਨੇ ਕੀ ਵਿਚਾਰ ਪੇਸ਼ ਕੀਤੇ ਹਨ ?

(iii) ਸੁਲਤਾਨ ਬਾਹੂ ਦਾ ਜਨਮ ਅਤੇ ਦੇਹਾਂਤ ਕਦੋਂ ਹੋਇਆ ?

(iv) ਕੈਦੋ ਨੇ ਰਾਂਝੇ ਤੋਂ ਚੂਰੀ ਲਿਆ ਕੇ ਸਿਆਲਾਂ ਨੂੰ ਕੀ ਕਿਹਾ ?

(v) "ਗੋਈ" ਕਹਾਣੀ ਦੇ ਪਾਤਰਾਂ ਦੇ ਨਾਮ ਲਿਖੋ।

(vi) ਸ਼ੇਰੇ ਦਾ ਕਤਲ ਕਿਸ ਤਰ੍ਹਾਂ ਹੋਇਆ ?

(vii) ਚਾਚੀ ਨੂੰ ਚਾਚਾ ਜੀ ਵਿਰੁੱਧ ਕੀ ਸ਼ਕਾਇਤਾਂ ਸਨ ?

(viii) ਸਲੋਤਰੀ ਪਿੰਡ ਦੀ ਮਸੀਤ ਤੋਂ ਕੀ ਐਲਾਨ ਹੋ ਰਿਹਾ ਸੀ ?

2×5=10

6. ਕੋਈ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(i) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ੇਖ਼ ਫ਼ਰੀਦ ਦੀ ਬਾਣੀ ਦਾ ਵੇਰਵਾ ਦਿਉ।

(ii) ਪੰਜਾਬੀ ਕਿੱਸਾ-ਕਾਵਿ ਦਾ ਮੋਢੀ ਕੌਣ ਹੈ ? ਉਸਦੇ ਰਚੇ ਕਿੱਸੇ ਦੀਆਂ ਵਿਸ਼ੇਸ਼ਤਾਈਆਂ ਲਿਖੋ।

(iii) ਮੀਆਂ ਇਮਾਮ ਬਖ਼ਸ਼ ਦੀ ਰਚਨਾ ਬਾਰੇ ਜਾਣਕਾਰੀ ਦਿਉ।

(iv) ਮੱਧ-ਕਾਲ ਨੂੰ ਕਿੱਸਾ-ਕਾਵਿ ਦਾ "ਸੁਨਹਿਰੀ ਯੁਗ" ਕਿਉਂ ਕਿਹਾ ਜਾਂਦਾ ਹੈ ?

(v) 18ਵੀਂ ਸਦੀ ਦੇ ਸੂਫ਼ੀ ਕਵੀਆਂ ਦੇ ਨਾਂ ਲਿਖੋ।

(vi) ਭਗਵਾਨ ਸਿੰਘ ਦੇ ਕਿੱਸੇ "ਜਿਊਣਾ ਮੌੜ" ਵਿਚ ਵਰਤੇ ਗਏ ਛੰਦਾਂ ਤੇ ਬੋਲੀ ਬਾਰੇ ਜਾਣਕਾਰੀ ਦਿਉ। 5×4=20

7. 'ਸਾਹਿਤ ਤੇ ਸ਼ਖ਼ਸੀਅਤ' ਜਾਂ 'ਸਾਹਿਤ ਤੇ ਮਨੋਵਿਗਿਆਨ' ਉੱਤੇ ਨੋਟ ਲਿਖੋ। 10

8. ਭਾਸ਼ਾ ਤੇ ਉਪਭਾਸ਼ਾ ਦੇ ਅੰਤਰ ਦੱਸਦੇ ਹੋਏ "ਮਾਝੀ" ਉਪਭਾਸ਼ਾ ਦੀਆਂ ਪਛਾਣ ਵਿਧੀਆਂ ਬਾਰੇ ਜਾਣਕਾਰੀ ਦਿਉ।

**ਜਾਂ**

ਭਾਸ਼ਾ ਦਾ ਟਕਸਾਲੀ ਰੂਪ ਕੀ ਹੁੰਦਾ ਹੈ ? ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਬਾਰੇ ਜਾਣਕਾਰੀ ਦਿਉ। 10